# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਐਸ.ਏ.ਐਸ.ਨਗਰ।

ਹੁਕਮ ਨੰ:ਕੇ.ਡਬਲਿਊ 16/14-09 ਅ3(3) (ਕੋ:ਸੈ-4)
ਮਿਤੀ, ਐਸ.ਏ.ਐਸ.ਨਗਰ :-16-01-2015

ਸ਼੍ਰੀ ਰਾਜਬੀਰ ਸਿੰਘ, ਪੁੱਤਰ ਗਿਆਨ ਸਿੰਘ, ਵਾਸੀ ਪਿੰਡ ਬਾਨੀਆ, ਡਾਕਖਾਨਾ ਢੁਲਕ, ਤਹਿ: ਬਾਬਾ ਬਕਾਲਾ(ਅੰਮ੍ਰਿਤਸਰ) ਨੂੰ ਇਸ ਦਫਤਰ ਦੇ ਹੁਕਮ ਨੰ: 16/14-09 ਅ3(3) ਮਿਤੀ 03.07.2010 ਰਾਹੀਂ 25 ਵੱਖ-ਵੱਖ ਨਿਰਧਾਰਿਤ ਸ਼ਰਤਾਂ ਤਹਿਤ ਯਕਮੁਸ਼ਤ 5000/- ਪ੍ਰਤੀ ਮਹੀਨਾ ਮਿਹਨਤਾਨੇ ਤੇ ਠੇਕੇ ਦੇ ਆਧਾਰ ਤੇ ਆਰਜੀ ਤੌਰ ਤੇ ਬਤੌਰ ਪੀ.ਟੀ.ਆਈ ਸਿੱਖਿਆ ਸਰਵਿਸ ਪ੍ਰੋਵਾਈਡਰ ਜ਼ਿਲ੍ਹਾ ਅੰਮ੍ਰਿਤਸਰ ਲਈ ਪੇਸ਼ਕਸ਼ ਕੀਤੀ ਗਈ ਅਤੇ ਇਸ ਉਪਰੰਤ ਜ਼ਿਲ੍ਹਾ ਸਿੱਖਿਆ ਅਫਸਰ(ਸੈ:ਸਿ:) ਅੰਮ੍ਰਿਤਸਰ ਵੱਲੋਂ ਆਪਣੇ ਦਫਤਰੀ ਹੁਕਮ ਨੰ: ਅ-2/2009/10493-97 ਮਿਤੀ 29-07-2009 ਰਾਹੀਂ ਸ਼੍ਰੀ ਰਾਜਬੀਰ ਸਿੰਘ ਪੁੱਤਰ ਗਿਆਨ ਸਿੰਘ, ਪਿੰਡ ਬਾਨੀਆ, ਡਾਕਖਾਨਾ ਢੁਲਕ, ਤਹਿ: ਬਾਬਾ ਬਕਾਲਾ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੁਧਾਰ ਵਿਖੇ ਬਤੌਰ ਪੀ.ਟੀ.ਆਈ ਸਰਵਿਸ ਪ੍ਰੋਵਾਈਡਰ ਨਿਯੁਕਤ ਕੀਤਾ ਗਿਆ। ਪੜਤਾਲੀਆ ਅਫਸਰ ਕਮ ਪ੍ਰਿੰਸੀਪਲ ਸ.ਸ.ਸ.ਸ. ਬਾਸਰਕੇ ਗਿੱਲਾਂ ਅੰਮ੍ਰਿਤਸਰ ਅਤੇ ਜ਼ਿਲ੍ਹਾ ਸਿੱਖਿਆ ਅਫਸਰ(ਸੈਸਿ) ਅੰਮ੍ਰਿਤਸਰ ਦੀ ਰਿਪੋਰਟ ਅਨੁਸਾਰ ਸ਼੍ਰੀ ਰਾਜਬੀਰ ਸਿੰਘ ਜੋ ਕਿ 07-07-2010 ਤੋਂ ਸਰਕਾਰੀ ਮਿਡਲ ਸਕੂਲ ਅਰਜਣ ਮਾਂਗਾਂ ਕੰਪ: ਚੰਨਣਕੇ ਅੰਮ੍ਰਿਤਸਰ ਵਿਖੇ ਪੋਸਟਿਡ ਸੀ, ਮਿਤੀ 30-09-2011 ਤੋਂ ਹੁਣ ਤੱਕ ਲਗਾਤਾਰ ਆਪਣੀ ਡਿਊਟੀ ਤੋਂ ਅਣਅਧਿਕਾਰਤ ਤੌਰ ਤੇ ਗੈਰਹਾਜ਼ਰ ਚਲ ਰਿਹਾ ਹੈ।

ਨਿਯੁਕਤੀ ਪੱਤਰ ਵਿੱਚ ਸ਼ਰਤ ਨੰ; 18 ਤੇ ਇਹ ਸਾਫ ਰੂਪ ਵਿੱਚ ਦਰਜ ਹੈ ਕਿ ਜੇਕਰ ਤੁਸੀਂ ਸਮਰੱਥ ਅਧਿਕਾਰੀ ਦੀ ਆਗਿਆ ਬਗੈਰ ਲਗਾਤਾਰ 10 ਦਿਨ ਤੋਂ ਵੱਧ ਗੈਰਹਾਜ਼ਰ ਰਹਿੰਦੇ ਹੋ ਤਾਂ ਤੁਹਾਡੀ ਇਹ ਠੇਕਾ ਆਧਾਰਿਤ ਨਿਯੁਕਤੀ ਬਗੈਰ ਕਿਸੇ ਨੋਟਿਸ ਦਿੱਤੇ ਰੱਦ ਸਮਝੀ ਜਾਵੇਗੀ।

ਮੈਂ ਬਲਬੀਰ ਸਿੰਘ, ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ) ਪੰਜਾਬ, ਸਮਰੱਥ ਅਧਿਕਾਰੀ ਹੋਣ ਦੇ ਨਾਤੇ ਨਿਯੁਕਤੀ ਪੱਤਰ ਵਿੱਚ ਦਰਜ ਸ਼ਰਤ ਨੰ:18 ਦੇ ਸਨਮੁੱਖ ਸ਼੍ਰੀ ਰਾਜਬੀਰ ਸਿੰਘ, ਪੀ.ਟੀ.ਆਈ ਸਿੱਖਿਆ ਸਰਵਿਸ ਪ੍ਰੋਵਾਇਡਰ ਸ.ਮਿ.ਸ ਅਰਜਣ ਮਾਂਗਾ ਕੰਪ: ਸ.ਹ.ਸ ਚੰਨਣਕੇ , ਅੰਮ੍ਰਿਤਸਰ ਦੀ ਠੇਕਾ ਅਧਾਰਿਤ ਸੇਵਾਵਾਂ ਤਤਕਾਲ ਸਮੇਂ ਤੋਂ ਰੱਦ ਕਰਦਾ ਹਾਂ।

ਬਲਬੀਰ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ।

ਪਿੱਠ ਅੰਕਣ ਨੰ: ਉਕਤ 1303-06 ਮਿਤੀ, ਐਸ.ਏ.ਐਸ.ਨਗਰ :- 21/1/2015

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਮੰਡਲ ਸਿੱਖਿਆ ਅਫਸਰ,ਜਲੰਧਰ ।
2. ਜਿਲਾ ਸਿੱਖਿਆ ਅਫਸਰ (ਸੈ:ਸਿ), ਅੰਮ੍ਰਿਤਸਰ ਨੂੰ ਉਨ੍ਹਾਂ ਦੇ ਪੱਤਰ ਨੰ: ਅ-3/2014-19640 ਮਿਤੀ 26.09.2014 ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਕਰਮਚਾਰੀ ਦੀ ਸੇਵਾਪੱਤਰੀ ਵਿਚ ਲਾਲ ਸਿਆਹੀ ਨਾਲ ਸੇਵਾਵਾ ਖਤਮ ਕਰਨ ਸਬੰਧੀ ਇੰਦਰਾਜ ਯਕੀਨੀ ਬਣਾਇਆ ਜਾਵੇ ਅਤੇ ਕਾਪੀ ਇਸ ਦਫਤਰ ਨੂੰ ਉਪਲਬੱਧ ਕਰਵਾਈ ਜਾਵੇ। ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।
3. ਮੱਖਅਧਿਆਪਕ, ਸ.ਮਿ.ਸ ਅਰਜਣ ਮਾਂਗਾ ਕੰਪ: ਸ.ਹ.ਸ ਚੰਨਣਕੇ , ਜ਼ਿਲ੍ਹਾ ਅੰਮ੍ਰਿਤਸਰ।
4. ਸ਼੍ਰੀ ਰਾਜਬੀਰ ਸਿੰਘ, ਪੀ.ਟੀ.ਆਈ( ਸਰਵਿਸ ਪ੍ਰੋਵਾਇਡਰ) ਸ.ਮਿ.ਸ ਅਰਜਣ ਮਾਂਗਾ ਕੰਪ: ਸ.ਹ.ਸ ਚੰਨਣਕੇ, ਜ਼ਿਲ੍ਹਾ ਅੰਮ੍ਰਿਤਸਰ।

20/1/15
ਸੁਪਰਡੰਟ ਕੋਆਰਡੀਨੇਸ਼ਨ ਸੈਲ